ਮਿੱਠੇ ਬੱਚੇ:- "ਮਿੱਠੇ ਬੱਚੇ - ਕਲਿਆਣਕਾਰੀ ਬਾਪ ਹੁਣ ਤੁਹਾਡਾ ਅਜਿਹਾ ਕਲਿਆਣ ਕਰ ਦਿੰਦੇ ਹਨ ਜੋ ਕਦੇ ਰੋਣਾ ਨਾ ਪਵੇ, ਰੋਣਾ - ਅਕਲਿਆਣ ਜਾਂ ਦੇਹ - ਅਭਿਮਾਨ ਦੀ ਨਿਸ਼ਾਨੀ ਹੈ"

ਪ੍ਰਸ਼ਨ:- ਪ੍ਰਸ਼ਨ:- ਕਿਸ ਅਟਲ ਭਾਵੀ ਨੂੰ ਜਾਣਦੇ ਹੋਏ, ਤੁਹਾਨੂੰ ਸਦਾ ਨਿਸ਼ਚਿੰਤ ਰਹਿਣਾ ਹੈ?

ਉੱਤਰ:- ਤੁਸੀਂ ਜਾਣਦੇ ਹੋ ਕਿ ਇਸ ਪੁਰਾਣੀ ਦੁਨੀਆ ਦਾ ਵਿਨਾਸ਼ ਜਰੂਰ ਹੋਣਾ ਹੈ। ਚਾਹੇ ਸ਼ਾਂਤੀ ਲਈ ਕੋਸ਼ਿਸ਼ ਕਰਦੇ ਰਹਿੰਦੇ ਹਨ, ਪਰ ਨਰ ਚਾਹਤ ਕੁਝ ਹੋਰ... ਕਿੰਨਾ ਵੀ ਕੋਸ਼ਿਸ਼ ਕਰੋ ਇਹ ਭਾਵੀ ਟਲ ਨਹੀਂ ਸਕਦੀ। ਨੈਚੁਰਲ ਕਲੇਮਟੀਜ ਆਦਿ ਵੀ ਹੋਣੀ ਹੈ। ਤੁਹਾਨੂੰ ਨਸ਼ਾ ਹੈ ਕਿ ਅਸੀਂ ਈਸ਼ਵਰ ਦੀ ਗੋਦ ਲਈ ਹੈ, ਜੋ ਸਾਕਸ਼ਾਤਕਾਰ ਕੀਤੇ ਹਨ, ਉਹ ਸਭ ਪ੍ਰੈਕਟੀਕਲ ਵਿੱਚ ਹੋਣਾ ਹੀ ਹੈ ਇਸਲਈ ਤੁਸੀਂ ਸਦਾ ਨਿਸ਼ਚਿੰਤ ਰਹਿੰਦੇ ਹੋ।

ਓਮ ਸ਼ਾਂਤੀ। ਸੰਸਾਰ ਵਿਚ ਮਨੁੱਖਾਂ ਦੀ ਬੁੱਧੀ ਵਿਚ ਸਿਰਫ ਭਗਤੀ ਮਾਰਗ ਦਾ ਹੀ ਗਾਇਨ ਹੈ। ਕਿਉਂਕਿ ਹੁਣ ਭਗਤੀ ਮਾਰਗ ਹੀ ਚਲ ਰਿਹਾ ਹੈ। ਇਥੇ ਫਿਰ ਭਗਤੀ ਦਾ ਗਾਇਨ ਨਹੀਂ ਹੈ। ਇਥੇ ਤਾਂ ਬਾਪ ਦਾ ਗਾਇਨ ਹੈ। ਬਾਪ ਦੀ ਮਹਿਮਾ ਕਰਨੀ ਹੁੰਦੀ ਹੈ। ਜਿਸ ਬਾਪ ਤੋਂ ਇਤਨਾ ਉੱਚ ਵਰਸਾ ਮਿਲਦਾ ਹੈ। ਭਗਤੀ ਵਿਚ ਸੁਖ ਨਹੀਂ ਹੈ। ਭਗਤੀ ਵਿਚ ਰਹਿੰਦੇ ਹੋਏ ਵੀ ਯਾਦ ਤਾਂ ਸਵਰਗ ਨੂੰ ਕਰਦੇ ਹਨ ਨਾ। ਮਨੁੱਖ ਮਰਦੇ ਹਨ ਤਾਂ ਕਹਿੰਦੇ ਹਨ ਸਵਰਗ ਵਾਸੀ ਹੋਇਆ। ਤਾਂ ਖੁਸ਼ ਹੋਣਾ ਚਾਹੀਦਾ ਹੈ। ਜਦਕਿ ਸਵਰਗ ਵਿਚ ਜਨਮ ਲੈਂਦੇ ਹਨ ਤਾਂ ਫਿਰ ਰੋਣ ਦੀ ਜਰੂਰਤ ਨਹੀਂ। ਅਸਲ ਵਿਚ ਇਹ ਸੱਚੀ ਗੱਲ ਤਾਂ ਹੈ ਨਹੀਂ ਕਿ ਸਵਰਗਵਾਸੀ ਹੋਇਆ। ਇਸਲਈ ਰੋਂਦੇ ਰਹਿੰਦੇ ਹਨ। ਹੁਣ ਏਨਾ ਰੋਣ ਵਾਲਿਆਂ ਦਾ ਕਲਿਆਨ ਕਿਵੇਂ ਹੋਵੇ? ਰੋਣਾ ਦੁੱਖ ਦੀ ਨਿਸ਼ਾਨੀ ਹੈ। ਮਨੁੱਖ ਰੋਂਦੇ ਤਾਂ ਹਨ ਨਾ। ਬੱਚੇ ਜੰਮਦੇ ਹਨ ਤਾਂ ਵੀ ਰੋਂਦੇ ਹਨ ਕਿਉਂਕਿ ਦੁੱਖ ਹੁੰਦਾ ਹੈ। ਦੁੱਖ ਨਹੀਂ ਹੋਵੇਗਾ ਤਾਂ ਜਰੂਰ ਖੁਸ਼ ਰਹਿਣਗੇ। ਰੋਣਾ ਤਾਂ ਆਉਂਦਾ ਹੈ ਜਦੋ ਕੋਈ ਨਾ ਕੋਈ ਅਕਲਿਆਨ ਹੁੰਦਾ ਹੈ। ਸਤਿਯੁਗ ਵਿਚ ਕਦੇ ਅਕਲਿਆਨ ਨਹੀਂ ਹੁੰਦਾ ਇਸਲਈ ਉੱਥੇ ਕਦੇ ਰੋਂਦੇ ਨਹੀਂ। ਅਕਲਿਆਨ ਦੀ ਗੱਲ ਹੀ ਨਹੀਂ ਹੁੰਦੀ। ਇਥੇ ਕਦੇ ਕਮਾਈ ਵਿਚ ਘਾਟਾ ਪੈਂਦਾ ਹੈ ਅਤੇ ਕਦੇ ਅੰਨ ਨਹੀਂ ਮਿਲਦਾ ਤਾਂ ਦੁਖੀ ਹੁੰਦੇ ਹਨ। ਦੁੱਖ ਵਿਚ ਰੋਂਦੇ ਹਨ, ਭਗਵਾਨ ਨੂੰ ਯਾਦ ਕਰਦੇ ਹਨ ਕਿ ਆਕੇ ਸਭ ਦਾ ਕਲਿਆਣ ਕਰੋ? ਜੇਕਰ ਸਰਵਵਿਆਪੀ ਹੈ ਤਾਂ ਕਿਸ ਨੂੰ ਕਹਿੰਦੇ ਹਨ- ਕਲਿਆਣ ਕਰੋ? ਪਰਮਪਿਤਾਂ ਪਰਮਾਤਮਾ ਨੂੰ ਸਰਵਵਿਆਪੀ ਮੰਨਣਾ ਵੱਡੀ ਤੋਂ ਵੱਡੀ ਭੁੱਲ ਹੈ। ਬਾਪ ਸਭ ਦਾ ਕਲਿਆਣਕਾਰੀ ਹੈ ਤਾਂ ਜਰੂਰ ਸਭ ਦਾ ਕਲਿਆਣ ਕਰਨਗੇ। ਤੁਸੀਂ ਬੱਚੇ ਜਾਣਦੇ ਹੋ ਪਰਮਪਿਤਾ ਪਰਮਾਤਮਾ ਸਦਾ ਕਲਿਆਣ ਹੀ ਕਰਦੇ ਹਨ। ਹੁਣ ਪਰਮਪਿਤਾ ਪਰਮਾਤਮਾ ਕਦੋਂ ਆਵੇ ਜੋ ਵਿਸ਼ਵ ਦਾ ਕਲਿਆਣ ਕਰੇ? ਵਿਸ਼ਵ ਦਾ ਕਲਿਆਣ ਕਰਨ ਵਾਲਾ ਹੋਰ ਕੋਈ ਤਾਂ ਹੈ ਨਹੀਂ। ਬਾਪ ਨੂੰ ਫਿਰ ਸਰਵਵਿਆਪੀ ਕਹਿ ਦਿੰਦੇ ਹਨ। ਕਿੰਨੀ ਭਾਰੀ ਭੁੱਲ ਹੈ। ਹੁਣ ਬਾਪ ਆਪਣਾ ਪਰਿਚੇ ਦੇ ਕੇ ਕਹਿੰਦੇ ਹਨ, ਮਨਮਨਾਭਵ, ਇਸ ਵਿਚ ਹੀ ਕਲਿਆਣ ਹੈ। ਸਤਿਯੁਗ ਤ੍ਰੇਤਾ ਵਿਚ ਕਿਸੇ ਵੀ ਹਾਲਤ ਵਿਚ ਅਕਲਿਆਨ ਨਹੀਂ ਹੁੰਦਾ। ਤ੍ਰੇਤਾ ਵਿਚ ਵੀ ਜਦੋ ਰਾਮ ਰਾਜ ਹੈ ਤਾਂ ਓਥੇ ਸ਼ੇਰ ਬੱਕਰੀ ਇਕੱਠੇ ਜਲ ਪੀਂਦੇ ਹਨ। ਅਸੀਂ ਰਾਮ - ਸੀਤਾ ਦੇ ਰਾਜ ਦੀ ਇਤਨੀ ਸਤੁਤੀ ਨਹੀਂ ਕਰਾਂਗੇ ਕਿਉਂਕਿ ਦੋ ਕਲਾ ਘਟ ਹੋ ਜਾਨ ਨਾਲ ਕੁਝ ਨਾ ਕੁਝ ਸੁਖ ਘਟ ਮਿਲਦਾ ਹੈ। ਅਸੀਂ ਤਾਂ ਪਸੰਦ ਕਰਦੇ ਹਾਂ ਸਵਰਗ, ਜੋ ਬਾਪ ਸਥਾਪਨ ਕਰਦੇ ਹਨ। ਉਸ ਵਿਚ ਪੂਰਾ ਵਰਸਾ ਪਾਈਏ ਤਾਂ ਬਹੁਤ ਚੰਗਾ ਹੈ। ਉੱਚ ਤੇ ਉੱਚ ਬਾਪ ਤੋਂ ਵਰਸਾ ਲੈ ਅਸੀਂ ਕਲਿਆਨ ਕਰੀਏ। ਹਰੇਕ ਨੇ ਆਪਣਾ ਕਲਿਆਣ ਕਰਨਾ ਹੈ ਸ੍ਰੀਮਤ ਤੇ।

ਬਾਪ ਨੇ ਸਮਝਾਇਆ ਹੈ- ਇਕ ਹੈ ਆਸੁਰੀ ਸੰਪਰਦਾਏ ਦੂਸਰਾ ਹੈ ਦੈਵੀ ਸੰਪਰਦਾਏ । ਹੁਣ ਇਕ ਪਾਸੇ ਰਾਵਣ ਰਾਜ ਹੈ, ਦੂਸਰੇ ਪਾਸੇ ਮੈਂ ਦੈਵੀ ਸੰਪਰਦਾਏ ਸਥਾਪਨ ਕਰ ਰਿਹਾ ਹਾਂ। ਇਵੇਂ ਨਹੀਂ ਕਿ ਇਸ ਵੇਲੇ ਦੈਵੀ ਸੰਪਰਦਾਏ ਹੈ। ਆਸੁਰੀ ਸੰਪਰਦਾਏ ਨੂੰ ਮੈਂ ਦੈਵੀ ਸੰਪਰਦਾਏ ਬਣਾ ਰਿਹਾ ਹਾਂ। ਕਹਾਂਗੇ ਦੈਵੀ ਸੰਪਰਦਾਏ ਤਾਂ ਸਤਿਯੁਗ ਵਿਚ ਹੁੰਦਾ ਹੈ। ਬਾਪ ਕਹਿੰਦੇ ਹਨ ਇਸ ਆਸੁਰੀ ਸੰਪਰਦਾਏ ਨੂੰ ਦੈਵੀ ਸੰਪਰਦਾਏ ਭਵਿੱਖ ਲਈ ਬਣਾਉਂਦਾ ਹਾਂ। ਇਸ ਵੇਲੇ ਹੈ ਬ੍ਰਾਹਮਣ ਸੰਪਰਦਾਏ, ਦੈਵੀ ਸੰਪਰਦਾਏ ਬਣ ਰਿਹਾ ਹੈ। ਗੁਰੂ ਨਾਨਕ ਨੇ ਵੀ ਕਿਹਾ ਸੀ, ਮਨੁੱਖ ਤੋਂ ਦੇਵਤਾ... ਪਰ ਕਿਹੜੇ ਮਨੁੱਖ ਹਨ, ਜਿਨ੍ਹਾਂ ਨੂੰ ਦੇਵਤਾਂ ਬਣਾਉਣਗੇ? ਉਹ ਡਰਾਮੇ ਦੇ ਆਦਿ, ਮੱਧ, ਅੰਤ ਨੂੰ ਤਾਂ ਜਾਣਦੇ ਨਹੀਂ। ਸ੍ਰਿਸ਼ਟੀ ਦੇ ਆਦਿ ਵਿਚ ਜੋ ਲਕਸ਼ਮੀ, ਨਰਾਇਣ ਸ੍ਰੇਸ਼ਠਾਚਾਰੀ ਹਨ, ਉਹ ਵੀ ਆਦਿ, ਮੱਧ ਅੰਤ ਨੂੰ ਨਹੀਂ ਜਾਣਦੇ ਹਨ। ਤ੍ਰਿਕਾਲਦ੍ਰਸ਼ੀ ਨਹੀਂ ਹਨ। ਪਹਿਲੇ ਜਨਮ ਵਿਚ ਤ੍ਰਿਕਾਲਦ੍ਰਸ਼ੀ ਸਨ। ਸਵਦਰਸ਼ਨ ਚੱਕਰ ਧਾਰੀ ਸਨ ਤਾਂ ਇਹ ਰਾਜ ਪਦ ਪਾਇਆ ਹੈ। ਉਨ੍ਹਾਂ ਨੇ ਫਿਰ ਸਵਦਰਸ਼ਨ ਚੱਕਰ ਦੇ ਦਿੱਤਾ ਹੈ ਵਿਸ਼ਨੂੰ ਨੂੰ। ਤਾਂ ਇਹ ਵੀ ਸਮਝਾਉਣਾ ਹੈ ਕਿ ਸਵਦਰਸ਼ਨ ਚੱਕਰਧਾਰੀ ਬ੍ਰਾਹਮਣ ਹਨ ਤਾਂ ਮਨੁੱਖ ਹੈਰਾਨ ਹੋਣਗੇ। ਉਹ ਤਾਂ ਕ੍ਰਿਸ਼ਨ ਨੂੰ ਵੀ ਕਹਿ ਦਿੰਦੇ, ਵਿਸ਼ਨੂੰ ਨੂੰ ਵੀ ਕਹਿ ਦਿੰਦੇ, ਇਹ ਤਾਂ ਜਾਣਦੇ ਨਹੀਂ ਕਿ ਵਿਸ਼ਨੂੰ ਦੇ ਦੋ ਰੂਪ ਲਕਸ਼ਮੀ ਨਰਾਇਣ ਹਨ। ਅਸੀਂ ਵੀ ਨਹੀਂ ਜਾਣਦੇ ਸੀ। ਮਨੁੱਖ ਤਾਂ ਹਰ ਗੱਲ ਵਿਚ ਕਹਿ ਦਿੰਦੇ ਹਨ ਭਾਵੀ। ਜੋ ਹੋਣ ਵਾਲਾ ਹੈ ਉਸਨੂੰ ਕੋਈ ਟਾਲ ਨਹੀਂ ਸਕਦਾ। ਇਹ ਤਾਂ ਡਰਾਮਾ ਹੈ, ਤਾਂ ਪਹਿਲੋਂ ਪਹਿਲ ਬਾਪ ਦਾ ਪਰਿਚੇ ਦੇਵੋ, ਜਾ ਡਰਾਮੇ ਦਾ ਰਾਜ਼ ਸਮਝਾਓ? ਉਹ ਵੀ ਓਦੋਂ ਜਦੋਂ ਬਾਬਾ ਦੀ ਯਾਦ ਹੋਵੇ, ਪਹਿਲੇ - ਪਹਿਲੇ ਤੇ ਬਾਪ ਦਾ ਪਰਿਚੇ ਦੇਣਾ ਚਾਹੀਦਾ ਹੈ। ਬੇਹੱਦ ਦਾ ਬਾਬਾ, ਸ਼ਿਵਬਾਬਾ ਤਾਂ ਮਸ਼ਹੂਰ ਹੈ। ਰੁੱਦ੍ਰ ਬਾਬਾ ਵੀ ਨਹੀਂ ਕਹਿੰਦੇ, ਸ਼ਿਵਬਾਬਾ ਤੇ ਨਾਮੀ ਗ੍ਰਾਮੀ ਹੈ ਨਾ। ਬਾਪ ਸਮਝਾਉਂਦੇ ਹਨ ਕਿ ਜਿਥੇ-2 ਭਗਤ ਹਨ, ਓਹਨਾ ਨੂੰ ਜਾਕੇ ਸਮਝਾਓ। ਅਖਬਾਰ ਵਿਚ ਪੜ੍ਹਿਆ ਸੀ ਮਨੁੱਖ ਕਹਿੰਦੇ ਹਨ ਕਿ ਹਿਮਾਲਿਆ ਦੀ ਇਤਨੀ ਮਲਟੀਮਿਲੀਅਨ ਉਮਰ

ਹੈ। ਹੁਣ ਹਿਮਾਲਿਆ ਦੀ ਕੋਈ ਉਮਰ ਹੁੰਦੀ ਹੈ ਕੀ ? ਇਹ ਤਾਂ ਸਦਾ ਹੈ ਹੀ। ਹਿਮਾਲਿਆ ਕਦੇ ਗੁੰਮ ਹੁੰਦਾ ਹੈ ਕੀ? ਇਹ ਭਾਰਤ ਵੀ ਅਨਾਦਿ ਹੈ। ਕਦੋਂ ਰਚਿਆ ਗਿਆ, ਇਸ ਦੀ ਉਮਰ ਨਹੀਂ ਕੱਢ ਸਕਦੇ। ਉਵੇਂ ਹਿਮਾਲਿਆ ਦੇ ਲਈ ਵੀ ਨਹੀਂ ਕਹਿ ਸਕਦੇ ਕਿ ਕਦੋਂ ਤੋਂ ਹੈ। ਇਸ ਹਿਮਾਲਿਆ ਪਹਾੜ ਦੀ ਉਮਰ ਗਿਨੀ ਨਹੀਂ ਜਾਂਦੀ। ਇਵੇਂ ਥੋੜੀ ਨਾ ਕਹਾਂਗੇ ਕਿ ਆਕਾਸ਼ ਦੀ ਜਾ ਸਮੁੰਦਰ ਦੀ ਉਮਰ ਏਨੀ ਹੈ। ਹਿਮਾਲਿਆ ਦੀ ਉਮਰ ਹੈ ਤਾਂ ਸਮੁੰਦਰ ਦੀ ਵੀ ਦੱਸੋ, ਕੁਝ ਵੀ ਨਹੀਂ ਜਾਣਦੇ। ਇਥੇ ਤਾਂ ਤੁਹਾਨੂੰ ਬਾਪ ਤੋਂ ਵਰਸਾ ਪਾਉਣਾ ਹੈ। ਇਹ ਹੈ ਈਸ਼ਵਰੀਏ ਫੈਮਿਲੀ।

ਤੁਸੀਂ ਜਾਣਦੇ ਹੋ ਬਾਪ ਦਾ ਬਣਨ ਨਾਲ ਸਵਰਗ ਦੇ ਮਾਲਿਕ ਬਣਦੇ ਹਾਂ। ਇਕ ਰਾਜਾ ਜਨਕ ਦੀ ਗੱਲ ਨਹੀਂ। ਜੀਵਨ ਮੁਕਤੀ ਵਿਚ ਅਤੇ ਰਾਮ ਰਾਜ ਵਿਚ ਤਾਂ ਬਹੁਤ ਹੋਣਗੇ ਨਾ। ਸਭ ਨੂੰ ਜੀਵਨ ਮੁਕਤੀ ਮਿਲੀ ਹੋਵੇਗੀ। ਤੁਸੀਂ ਸੈਕੰਡ ਵਿਚ ਮੁਕਤੀ, ਜੀਵਨ ਮੁਕਤੀ ਪਾਉਣ ਦੇ ਪੁਰਸ਼ਾਰਥੀ ਹੋ। ਬੱਚਾ ਬਣੇ ਹੋ, ਮੰਮਾ ਬਾਬਾ ਕਹਿੰਦੇ ਹੋ। ਜੀਵਨ ਮੁਕਤੀ ਤਾਂ ਮਿਲੇਗੀ ਨਾ। ਸਮਝ ਸਕਦੇ ਹਨ, ਪਰਜਾ ਤਾਂ ਢੇਰ ਦੀ ਢੇਰ ਬਣਦੀ ਜਾਂਦੀ ਹੈ। ਦਿਨ ਪ੍ਰਤੀਦਿਨ ਪ੍ਰਭਾਵ ਤੇ ਨਿਕਲਣਾ ਹੈ ਨਾ। ਇਸ ਧਰਮ ਦੀ ਸਥਾਪਨਾ ਕਰਨਾ ਬੜੀ ਮੇਹਨਤ ਹੈ। ਉਹ ਤਾਂ ਉਪਰ ਤੋਂ ਆਕੇ ਸਥਾਪਨਾ ਕਰਦੇ ਹਨ, ਉਨ੍ਹਾਂ ਦੇ ਪਿਛਾੜੀ ਉਪਰ ਤੋਂ ਆਉਂਦੇ ਜਾਂਦੇ ਹਨ। ਇਥੇ ਤਾਂ ਇਕ ਇਕ ਨੂੰ ਰਾਜ ਭਾਗ ਲੈਣ ਦੇ ਯੋਗ ਬਣਾਉਣਾ ਪੈਂਦਾ ਹੈ। ਲਾਇਕ ਬਣਾਉਣਾ ਬਾਪ ਦਾ ਕੰਮ ਹੈ, ਜੋ ਮੁਕਤੀ ਜੀਵਨ ਮੁਕਤੀ ਦੇ ਲਾਇਕ ਸਨ, ਸਭ ਨੂੰ ਮਾਇਆ ਨੇ ਨਾਲਾਇਕ ਬਣਾ ਦਿੱਤਾ ਹੈ। ਪੰਜ ਤੱਤਵ ਵੀ ਨਾਲਾਇਕ ਬਣੇ ਹਨ, ਫਿਰ ਲਾਇਕ ਬਣਾਉਣਾ ਵਾਲਾ ਬਾਪ ਹੈ। ਤੁਹਾਡਾ ਹੁਣ ਜੋ ਸੈਕੰਡ-2 ਪੁਰਸ਼ਾਰਥ ਚਲਦਾ ਹੈ, ਸਮਝਦੇ ਹਨ ਕਲਪ ਪਹਿਲੋਂ ਵੀ ਇਹਨਾਂ ਨੇ ਇਵੇਂ ਹੀ ਪੁਰਸ਼ਾਰਥ ਕੀਤਾ ਸੀ। ਕਈ ਆਸ਼ਚਰਿਆਵਤ ਭਗੰਤੀ ਹੋ ਜਾਂਦੇ ਹਨ ਫਾਰਗਤੀ ਦੇ ਦਿੰਦੇ ਹਨ। ਪ੍ਰੈਕਟੀਕਲ ਵੇਖਦੇ ਰਹਿੰਦੇ ਹਨ। ਇਹ ਵੀ ਸਮਝਦੇ ਹਨ ਵਿਨਾਸ਼ ਸਾਮਣੇ ਖੜਾ ਹੈ। ਡਰਾਮੇ ਅਨੁਸਾਰ ਸਭ ਨੇ ਐਕਟ ਵਿਚ ਆਉਣਾ ਹੈ। ਨਰ ਚਾਹਤ ਕੁਝ ਹੋਰ... ਉਹ ਚਾਹੁੰਦੇ ਹਨ ਸ਼ਾਂਤੀ ਹੋਵੇ, ਪਰ ਭਾਵੀ ਨੂੰ ਤੁਸੀਂ ਬੱਚੇ ਜਾਣਦੇ ਹੋ। ਤੁਸੀਂ ਸਾਖਸ਼ਾਤਕਾਰ ਕੀਤਾ ਹੈ, ਉਹ ਚਾਹੇ ਕਿੰਨਾ ਵੀ ਮੱਥਾ ਮਾਰਨ ਕਿ ਵਿਨਾਸ਼ ਨਾ ਹੋਵੇ ਪਰ ਭਾਵੀ ਟਲ ਨਹੀਂ ਸਕਦੀ। ਅਰਥ ਕੁਵੇਕ ਨੈਚੁਰਲ ਕਲੇਮਟੀਜ(ਕੁਦਰਤੀ ਆਫ਼ਤਾਂ) ਆਉਣਗੀਆਂ। ਉਹ ਕੀ ਕਰ ਸਕਦੇ ਹਨ। ਕਹਿਣਗੇ ਇਹ ਤਾਂ ਗੌਡ ਦਾ ਕੰਮ ਹੈ। ਤੁਹਾਡੇ ਵਿਚ ਵੀ ਬਹੁਤ ਥੋੜੇ ਹਨ, ਜਿਹਨਾਂ ਨੂੰ ਇਤਨਾ ਨਸ਼ਾ ਚੜਦਾ ਹੈ ਅਤੇ ਯਾਦ ਵਿਚ ਰਹਿੰਦੇ ਹਨ। ਸਾਰੇ ਤਾਂ ਪਰਿਪੂਰਨ ਨਹੀਂ ਬਣੇ ਹਨ। ਤੁਸੀਂ ਜਾਣਦੇ ਹੋ ਇਹ ਭਾਵੀ ਟਲਣ ਵਾਲੀ ਨਹੀਂ ਹੈ। ਅੰਨ ਨਹੀਂ ਹੈ, ਮਨੁੱਖਾਂ ਨੂੰ ਰਹਿਣ ਦੀ ਜਗ੍ਹਾ ਨਹੀਂ ਹੈ। ਤਿੰਨ ਪੈਰ ਧਰਤੀ ਦੇ ਨਹੀਂ ਮਿਲਦੇ।

ਤੁਹਾਡਾ ਇਹ ਹੈ ਇਸ਼ਵਰੀਏ ਪਰਿਵਾਰ - ਮਾਤ-ਪਿਤਾ ਅਤੇ ਬੱਚੇ। ਬਾਪ ਕਹਿੰਦੇ ਹਨ ਕਿ ਮੈਂ ਬੱਚਿਆਂ ਦੇ ਅੱਗੇ ਹੀ ਪ੍ਰਤੱਖ ਹੁੰਦਾ ਹਾਂ। ਬੱਚਿਆਂ ਨੂੰ ਸਿਖਲਾਉਂਦਾ ਹਾਂ। ਬੱਚੇ ਵੀ ਕਹਿੰਦੇ ਹਨ - ਅਸੀਂ ਬਾਪ ਦੀ ਮੱਤ ਤੇ ਚਲਦੇ ਹਾਂ। ਬਾਪ ਵੀ ਕਹਿੰਦੇ ਹਨ ਕਿ ਮੈਂ ਬੱਚਿਆਂ ਦੇ ਸਾਮਣੇ ਆਕੇ ਮਤ ਦਿੰਦਾ ਹਾਂ। ਬੱਚੇ ਹੀ ਸਮਝਣਗੇ। ਨਹੀਂ ਸਮਝਦੇ ਤਾਂ ਛੱਡੋ ਲੜਨ ਦੀ ਕੋਈ ਗੱਲ ਨਹੀਂ। ਅਸੀਂ ਪਰਿਚੇ ਬਾਪ ਦਾ ਦਿੰਦੇ ਹਾਂ। ਬਾਪ ਕਹਿੰਦੇ ਮੈਨੂੰ ਯਾਦ ਕਰੋਗੇ ਤਾਂ ਵਿਕਰਮ ਵਿਨਾਸ਼ ਹੋਣਗੇ ਅਤੇ ਸਵਦ੍ਰਸ਼ਣ ਚਕ੍ਰ ਨੂੰ ਯਾਦ ਕਰੋ ਤਾਂ ਚਕ੍ਰਵਰਤੀ ਰਾਜਾ ਬਣੋਗੇ। ਮਨਮਨਾਭਵ, ਮੱਧਜੀ ਭਵ, ਦਾ ਅਰਥ ਵੀ ਇਹ ਹੀ ਹੈ। ਬਾਪ ਦਾ ਪਰਿਚੇ ਦੇਵੋ ਜਿਸ ਨਾਲ ਕਰਿਏਸ਼ਨ ਅਤੇ ਕ੍ਰਿਏਟਰ ਦਾ ਰਾਜ਼ ਵੀ ਸਮਝ ਜਾਣ। ਮੁਖ ਇਹ ਇਕ ਹੀ ਗੱਲ ਹੈ, ਗੀਤਾ ਵਿਚ ਮੁੱਖ ਇਹ ਇਕ ਹੀ ਭੁੱਲ ਹੈ। ਬਾਪ ਕਹਿੰਦੇ ਹਨ ਮੈਂ ਕਲਿਆਣਕਾਰੀ ਨੇ ਹੀ ਆਕੇ ਕਲਿਆਣ ਕਰਨਾ ਹੈ। ਬਾਕੀ ਸ਼ਾਸਤਰਾਂ ਨਾਲ ਗਿਆਨ ਨਹੀਂ ਹੋ ਸਕਦਾ। ਪਹਿਲੋਂ ਤਾਂ ਸਿੱਧ ਕਰਨਾ ਹੈ ਕਿ ਭਗਵਾਨ ਇਕ ਹੈ। ਉਨ੍ਹਾਂ ਨੂੰ ਤੁਸੀਂ ਯਾਦ ਕਰਦੇ ਹੋ ਪਰ ਜਾਣਦੇ ਨਹੀਂ ਹੋ। ਬਾਪ ਨੂੰ ਯਾਦ ਕਰਨਾ ਹੈ ਤਾਂ ਪਰਿਚੇ ਵੀ ਚਾਹੀਦਾ ਹੈ ਨਾ। ਉਹ ਕਿਥੇ ਰਹਿੰਦੇ ਹਨ, ਆਉਂਦੇ ਹਨ ਜਾ ਨਹੀਂ। ਬਾਪ ਵਰਸਾ ਤਾਂ ਜਰੂਰ ਇਥੋਂ ਦੇ ਲਈ ਦੇਣਗੇ ਜਾ ਓਥੋਂ ਦੇ ਲਈ ਦੇਣਗੇ। ਬਾਪ ਤਾਂ ਸਮੁਖ(ਸਾਮਣੇ) ਚਾਹੀਦੇ ਹਨ। ਸ਼ਿਵ ਰਾਤਰੀ ਵੀ ਮਨਾਉਂਦੇ ਹਨ। ਸ਼ਿਵ ਤਾਂ ਸੁਪਰੀਮ ਫਾਦਰ ਹੈ ਸਾਰੀਆਂ ਆਤਮਾਵਾਂ ਦਾ। ਉਹ ਰਚਤਾ ਹਨ, ਨਵੀ ਨਾਲੇਜ਼ ਦਿੰਦੇ ਹਨ। ਸ੍ਰਿਸ਼ਟੀ ਚੱਕਰ ਦੇ ਆਦਿ ਮੱਧ ਅਤੇ ਅੰਤ ਨੂੰ ਉਹ ਜਾਣਦੇ ਹਨ। ਉਹ ਹੈ ਉੱਚ ਤੇ ਉੱਚ ਟੀਚਰ, ਜੋ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਰਾਜਯੋਗ ਸਿਖਾਉਂਦੇ ਹਨ। ਮਨੁੱਖ ਕਦੇ ਰਾਜਯੋਗ ਸਿਖਲਾ ਨਹੀਂ ਸਕਦੇ। ਸਾਨੂੰ ਵੀ ਉਸਨੇ ਸਿਖਾਇਆ ਤਾਂ ਹੀ ਅਸੀਂ ਸਿਖਾਉਂਦੇ ਹਾਂ। ਗੀਤਾ ਵਿਚ ਵੀ ਸ਼ੁਰੂ ਵਿਚ ਅਤੇ ਅੰਤ ਵਿਚ ਮਨਮਨਾਭਵ ਕਿਹਾ ਹੈ। ਝਾੜ ਅਤੇ ਡਰਾਮੇ ਦੀ ਨਾਲੇਜ ਵੀ ਬੁੱਧੀ ਵਿਚ ਰਹਿੰਦੀ ਹੈ। ਡੀਟੇਲ ਵਿਚ ਸਮਝਾਉਣਾ ਪੈਂਦਾ ਹੈ। ਨਤੀਜੇ ਵੱਜੋਂ ਫਿਰ ਵੀ ਇਕ ਹੀ ਗੱਲ ਆਉਂਦੀ ਹੈ। ਬਾਪ ਅਤੇ ਵਰਸੇ ਨੂੰ ਯਾਦ ਕਰਨਾ ਹੈ। ਇਥੇ ਤਾਂ ਇਕ ਹੀ ਗੱਲ ਹੈ। ਅਸੀਂ ਵਿਸ਼ਵ ਦੇ ਮਾਲਿਕ ਬਣਾਂਗੇ। ਵਿਸ਼ਵ ਕਲਿਆਣਕਾਰੀ ਹੀ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਸਵਰਗ ਦਾ ਮਾਲਿਕ ਬਣਾਉਣਗੇ, ਨਰਕ ਦਾ ਥੋੜੀ ਬਣਾਉਣਗੇ। ਦੁਨੀਆ ਇਹ ਨਹੀਂ ਜਾਣਦੀ ਕਿ ਨਰਕ ਦਾ ਰਚਿਯਤਾ ਰਾਵਣ ਹੈ, ਸਵਰਗ ਦਾ ਰਚਿਯਤਾ ਬਾਪ ਹੈ। ਹੁਣ ਬਾਪ ਕਹਿੰਦੇ ਹਨ ਮੌਤ ਸਾਮਣੇ ਖੜੀ ਹੈ। ਸਭ ਦੀ ਵਾਨਪ੍ਰਸਥ ਅਵਸਥਾ ਹੈ। ਮੈਂ ਲੈਣ ਲਈ ਆਇਆ ਹਾਂ। ਮੈਨੂੰ ਯਾਦ ਕਰੋਗੇ ਤਾਂ ਵਿਕਰਮ ਵਿਨਾਸ਼ ਹੋ ਜਾਣਗੇ, ਆਤਮਾ ਮੈਲੀ ਤੋਂ ਸ਼ੁੱਧ ਹੋ ਜਾਵੇਗੀ। ਫਿਰ ਤੁਹਾਨੂੰ ਸਵਰਗ ਵਿਚ ਭੇਜ ਦਵਾਂਗਾ। ਇਹ ਨਿਸ਼ਚੇਬੁੱਧੀ ਨਾਲ ਕਿਸੇ ਨੂੰ ਸਮਝਾਉਣਾ ਹੈ। ਤੋਤੇ ਮੁਆਫਿਕ ਨਹੀਂ। ਨਿਸ਼ਚੇ ਬੁੱਧੀ ਨੂੰ ਫਿਰ ਰੋਣ ਦੀ ਜਾ ਦੇਹ ਅਭਿਮਾਨ ਵਿਚ ਆਉਣ ਦੀ ਲੋੜ ਨਹੀਂ ਰਹਿੰਦੀ। ਦੇਹ ਅਭਿਮਾਨ ਬਹੁਤ ਗੰਦਾ ਬਣਾ ਦਿੰਦਾ ਹੈ। ਹੁਣ ਤੁਸੀਂ ਦੇਹੀ ਅਭਿਮਾਨੀ ਬਣੋ। ਸ਼ਰੀਰ ਨਿਰਵਾਹ ਕਰਨ ਲਈ ਕਰਮ ਕਰੋ। ਉਹ ਤਾਂ ਫਿਰ ਕਰਮ ਸਨਿਆਸੀ ਬਣ ਜਾਂਦੇ ਹਨ। ਇਥੇ ਤਾਂ ਤੁਹਾਨੂੰ ਗ੍ਰਹਿਸਤ ਵਿਚ ਰਹਿਣਾ ਹੈ। ਬੱਚਿਆਂ ਨੂੰ ਸੰਭਾਲਨਾ ਹੈ। ਬਾਪ ਨੂੰ ਅਤੇ ਚੱਕਰ ਨੂੰ ਜਾਣਨਾ ਤਾਂ ਬਹੁਤ ਹੀ ਸੌਖਾ ਹੈ।

ਬਾਪ ਦੇ ਕਿੰਨੇ ਬੱਚੇ ਹਨ, ਫਿਰ ਉਨ੍ਹਾਂ ਵਿੱਚੋਂ ਕੋਈ ਸਪੂਤ ਤੇ ਕੋਈ ਕਪੂਤ ਹਨ। ਨਾਮ ਬਦਨਾਮ ਕਰਦੇ ਹਨ, ਕਾਲਾ ਮੂੰਹ ਕਰ ਦਿੰਦੇ ਹਨ। ਬਾਪ ਕਹਿੰਦੇ ਹਨ ਕਾਲਾ ਮੂੰਹ ਨਾ ਕਰੋ। ਬੱਚਾ ਬਣਕੇ ਫਿਰ ਕਾਲਾ ਮੂੰਹ ਕਰਦੇ ਹੋ। ਕੁਲ ਕਲੰਕਿਤ ਬਣਦੇ ਹੋ। ਇਹ ਕਾਮ ਚਿਤਾ ਨਾਲ ਤੁਸੀਂ ਸਾਂਵਰੇ ਬਣੇ ਹੋ। ਕਾਮ ਚਿਤਾ ਤੇ ਥੋੜ੍ਹੇ ਹੀ ਜਲ ਮਰਨਾ ਹੈ। ਹਲਕਾ ਨਸ਼ਾ ਵੀ ਨਹੀਂ ਹੋਣਾ ਚਾਹੀਦਾ। ਸੰਨਿਆਸੀ ਆਦਿ ਆਪਣੇ ਫੋਲੋਵਰਸ ਨੂੰ ਇਵੇਂ ਥੋੜ੍ਹੀ ਨਾ ਕਹਿਣਗੇ। ਉਹ ਰਿਆਲਟੀ ਵਿਚ ਨਹੀਂ ਹੈ। ਬਾਪ ਤਾਂ ਸਭ ਨੂੰ ਸੱਚੀਆਂ ਗੱਲਾਂ ਸਮਝਾਉਂਦੇ ਹਨ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ। ਤੁਸੀਂ ਗਰੰਟੀ ਕੀਤੀ ਹੈ - ਬਾਬਾ ਅਸੀਂ ਤੁਹਾਡੀ ਮਤ ਤੇ ਚਲ ਕੇ ਸਵਰਗ ਵਾਸੀ ਬਣਾਂਗੇ। ਬਾਪ ਕਹਿੰਦੇ ਹਨ ਬੱਚੇ ਫਿਰ ਵਿਸ਼ੇ ਸਾਗਰ ਵਿਚ ਡਿੱਗਣ ਦਾ ਖਿਆਲ ਕਿਉਂ ਕਰਦੇ ਹੋ? ਤੁਸੀਂ ਬੱਚੀਆਂ ਜਦੋ ਇਸ ਤਰ੍ਹਾਂ ਦੀ ਮੁਰਲੀ ਚਲਾਓ ਤਾਂ ਕਹਿਣਗੇ ਅਜਿਹਾ ਗਿਆਨ ਤਾਂ ਕਦੇ ਸੁਣਿਆ ਨਹੀਂ। ਮੰਦਿਰ ਦੇ ਹੈਡ ਨੂੰ ਪਕੜਨਾ ਚਾਹੀਦਾ ਹੈ। ਚਿਤਰ ਲੈ ਜਾਣਾ ਚਾਹੀਦਾ ਹੈ। ਇਹ ਤ੍ਰਿਮੂਰਤੀ ਝਾੜ ਦਿਲਵਾਲਾ ਦੇ ਹੀ ਚਿਤਰ ਹਨ। ਉਪਰ ਦੈਵੀ ਝਾੜ ਖੜਾ ਹੈ, ਬਾਕੀ ਦੈਵੀ ਝਾੜ ਜੋ ਪਾਸਟ ਹੋ ਗਿਆ ਉਹ ਵਿਖਾਂਦੇ ਹਨ। ਅਜਿਹੀ ਸਰਵਿਸ ਕੋਈ ਕਰ ਕੇ ਵਿਖਾਏ ਤਾਂ ਬਾਬਾ ਮਹਿਮਾ ਕਰਨ, ਇਸ ਨੇ ਤਾਂ ਕਮਾਲ ਕੀਤੀ ਹੈ। ਜਿਵੇਂ ਬਾਬਾ ਰਮੇਸ਼ ਦੀ ਮਹਿਮਾ ਕਰਦੇ ਹਨ। ਪ੍ਰਦਰਸ਼ਨੀ ਵਿਹੰਗ ਮਾਰਗ ਦੀ ਸਰਵਿਸ ਦਾ ਤਰੀਕਾ ਚੰਗਾ ਕੱਢਿਆ ਹੈ। ਇਥੇ ਵੀ ਪ੍ਰਦਰਸ਼ਨੀ ਕਰਨਗੇ। ਚਿੱਤਰ ਤਾਂ ਬੜੇ ਚੰਗੇ ਹਨ।

ਹੁਣ ਦੇਖੋ ਦਿੱਲੀ ਵਿਚ ਜੋ ਰੀਲੀਜਸ ਕੰਨਫਰੰਸ ਹੁੰਦੀ ਹੈ, ਉਹ ਵੀ ਕਹਿੰਦੇ ਹਨ ਵਨਨੇਸ ਹੋਵੇ। ਉਸਦਾ ਤਾਂ ਮਤਲਬ ਹੀ ਨਹੀਂ। ਬਾਪ ਇਕ ਹੈ ਬਾਕੀ ਹਨ ਭੈਣ-ਭਰਾ। ਬਾਪ ਤੋਂ ਵਰਸਾ ਮਿਲਣ ਦੀ ਗੱਲ ਹੈ। ਆਪਸ ਵਿਚ ਮਿਲ ਖੀਰ-ਖੰਡ ਕਿਵੇਂ ਹੋਣਗੇ। ਇਹ ਗੱਲਾਂ ਸਮਝਣ ਦੀਆਂ ਹਨ। ਪ੍ਰਦਰਸ਼ਨੀ ਦੇ ਵਾਧੇ ਲਈ ਤਰੀਕਾ ਰਚਨੀ ਹੈ, ਜੋ ਸਰਵਿਸ ਦਾ ਸਬੂਤ ਨਹੀਂ ਦਿੰਦੇ ਉਨ੍ਹਾਂ ਨੂੰ ਤਾਂ ਸ਼ਰਮ ਆਉਣੀ ਚਾਹੀਦੀ ਹੈ। ਜੇਕਰ 10 ਨਵੇਂ ਆਏ ਅਤੇ ਅੱਠ-ਦਸ ਮਰ ਗਏ ਤਾਂ ਫਾਇਦਾ ਕੀ ਹੋਇਆ। ਅੱਛਾ।

ਮਿੱਠੇ- ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਸ਼ਰੀਰ ਨਿਰਵਾਹ ਅਰਥ ਕੰਮ ਕਰਦੇ ਦੇਹੀ ਅਭਿਮਾਨੀ ਰਹਿਣ ਦਾ ਅਭਿਆਸ ਕਰਨਾ ਹੈ। ਕਿਸੇ ਵੀ ਪ੍ਰਸਥਿਤੀ ਵਿਚ ਰੋਣਾ ਜਾ ਦੇਹ ਅਭਿਮਾਨ ਵਿਚ ਨਹੀਂ ਆਉਣਾ ਹੈ।

**2** ਸ਼੍ਰੀਮਤ ਅਨੁਸਾਰ ਆਪਣਾ ਅਤੇ ਦੂਜਿਆਂ ਦਾ ਕਲਿਆਣ ਕਰਨਾ ਹੈ। ਸਪੂਤ ਬਣ ਬਾਪ ਦਾ ਨਾਮ ਬਾਲਾ ਕਰਨਾ ਹੈ।

ਵਰਦਾਨ:- ਵਿਅਰਥ ਸੰਕਲਪਾਂ ਨੂੰ ਸਮਰੱਥ ਵਿੱਚ ਪ੍ਰੀਵਤਿਤ ਕਰ ਸਹਿਜਯੋਗੀ ਬਣਨ ਵਾਲੀ ਸਮਰੱਥ ਆਤਮਾ ਭਵ।

ਕਈ ਬੱਚੇ ਸੋਚਦੇ ਹਨ ਕਿ ਮੇਰਾ ਪਾਰਟ ਤੇ ਇਤਨਾ ਵਿਖਾਈ ਨਹੀਂ ਦਿੰਦਾ, ਯੋਗ ਤਾਂ ਲਗਦਾ ਨਹੀਂ, ਅਸ਼ਰੀਰੀ ਹੁੰਦੇ ਨਹੀਂ - ਇਹ ਹਨ ਵਿਅਰਥ ਸੰਕਲਪ। ਇਨ੍ਹਾਂ ਸੰਕਲਪਾਂ ਨੂੰ ਪ੍ਰਵਰਤਿਤ ਕਰ ਸਮਰੱਥ ਸੰਕਲਪ ਕਰੋ ਕਿ ਯਾਦ ਤੇ ਮੇਰਾ ਸਵਧਰਮ ਹੈ। ਮੈਂ ਹੀ ਕਲਪ - ਕਲਪ ਦਾ ਸਹਿਜ ਯੋਗੀ ਹਾਂ। ਮੈਂ ਯੋਗੀ ਨਹੀਂ ਬਣਾਂਗੇ ਤੇ ਕਿਉਂ ਬਣੇਗਾ। ਕਦੇ ਇਵੇਂ ਨਾ ਸੋਚੋ ਕਿ ਕੀ ਕਰਾਂ ਮੇਰਾ ਸ਼ਰੀਰ ਤੇ ਚਲ ਨਹੀਂ ਸਕਦਾ, ਇਹ ਪੁਰਾਣਾ ਸ਼ਰੀਰ ਤੇ ਬੇਕਾਰ ਹੈ। ਨਹੀਂ, ਵਾਹ - ਵਾਹ ਦੇ ਸੰਕਲਪ ਕਰੋ, ਕਮਾਲ ਗਾਓ ਇਸ ਅੰਤਿਮ ਸ਼ਰੀਰ ਦੀ, ਤਾਂ ਸਮੱਰਥੀ ਆ ਜਾਵੇਗੀ।

ਸਲੋਗਨ:- ਸ਼ੁਭ ਭਾਵਨਾਵਾਂ ਦੀ ਸ਼ਕਤੀ ਦੂਸਰਿਆਂ ਦੀਆਂ ਵਿਅਰਥ ਭਾਵਨਾਵਾਂ ਨੂੰ ਵੀ ਪਰਿਵਰਤਨ ਕਰ ਸਕਦੀ ਹੈ।

******